# ਪੰਜਾਬੀ ਲੋਕ ਕਾਵਿ-ਰੂਪ 'ਦੋਹਾ' : ਸਬਾਲਟਰਨ ਸੰਦਰਭ

**ਭਿੰਦਰ ਕੌਰ**

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ

'ਸਬਾਲਟਰਨ' ਪਦ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ। ਸਾਧਾਰਨ ਸ਼ਬਦਾਂ ਵਿੱਚ ਸਬਾਲਟਰਨ ਦਾ ਅਰਥ ਹੈ ਕਿ ਉਹ ਹਰ ਵਿਅਕਤੀ ਜੋ ਸਮਾਜ ਰਾਜਨੀਤੀ ਜਾਂ ਉੱਚ ਸ਼੍ਰੇਣੀ ਵਿੱਚ ਨੀਵਾਂ ਦਰਜਾ ਰੱਖਦਾ ਹੈ ਉਹ ਸਬਾਲਟਰਨ ਹੈ। ਇਸ ਵਿੱਚ ਉਹ ਵਿਅਕਤੀ ਆਉਂਦੇ ਹਨ ਜਿੰਨਾ ਦੀ ਸਮਾਜਕ, ਰਾਜਨੀਤਿਕ ਕਦਰ ਘਟਾ ਦਿੱਤੀ ਜਾਂਦੀ ਹੈ ਜਾਂ ਇਨਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਜਾਂਦਾ ਹੈ।[1]

ਅੰਗਰੇਜ਼ੀ ਪਦ ਸਬਾਲਟਰਨ ਦਾ ਪੰਜਾਬੀ ਰੂਪ 'ਹਾਸ਼ੀਆਗਤ' ਹੈ। ਜਿਸ ਦਾ ਪ੍ਰਯੋਗ 'ਅਧੀਨਤਾ' ਦੇ ਸਧਾਰਨ ਲੱਛਣਾਂ ਨੂੰ ਪ੍ਰਗਟਾਉਣ ਲਈ ਕੀਤਾ ਜਾਂਦਾ ਹੈ। ਸਾਹਿਤ ਜਾਂ ਇਤਿਹਾਸ ਦੇ ਖੇਤਰ ਵਿੱਚ ਸਬਾਲਟਰਨ ਸ਼ਬਦ ਦੀ ਵਰਤੋਂ ਇਟਲੀ ਦੇ ਵਿਦਵਾਨ ਐਨਤੋਨਿਯੋ ਗ੍ਰਾਮਸ਼ੀ ਨੇ ਕੀਤੀ।

ਡਾ. ਸੁਰਜੀਤ ਸਿੰਘ ਪੰਜਾਬੀ ਸਬਾਲਟਰਨ ਪਛਾਣਾਂ ਬਾਰੇ ਜ਼ਿਕਰ ਕਰਦੇ ਹੋਏ ਸਬਾਲਟਰਨ ਨੂੰ ਇਉਂ ਪਰਿਭਾਸ਼ਤ ਕਰਦੇ ਹਨ। "ਸੰਸਾਰ 'ਚ ਸਬਾਲਟਰਨ ਸਮੂਹਾਂ ਦੀ ਨਿਸ਼ਾਨੇਦਹੀ ਅਤੇ ਉਨ੍ਹਾਂ ਦੇ ਅਧਿਐਨ ਦੀ ਪਰੰਪਰਾ ਵਿੱਚ ਅਜਿਹੇ ਸਮੂਹਾਂ ਨੂੰ ਸਬਾਲਟਰਨ ਦੇ ਤੌਰ ਤੇ ਪਰਿਭਾਸ਼ਤ ਕੀਤਾ ਗਿਆ ਜਿਹੜੇ ਇਤਿਹਾਸਕਾਰੀ ਵਿੱਚੋਂ ਗੈਰ ਹਾਜ਼ਰ ਜਾਂ ਹਾਸ਼ੀਆਗਤ ਹੋਂਦ ਰੱਖਦੇ ਹਨ, ਖ਼ਾ ਮੋਸ਼ ਕਰ ਦਿੱਤੇ ਗਏ ਹਨ, ਜਿਨ੍ਹਾਂ ਕੋਲ ਆਪਣਾ ਅਨੁਭਵ, ਕਾਰਜ, ਸੋਚ ਦ੍ਰਿਸ਼ਟੀ ਅਤੇ ਹੁੰਗਾਰੇ ਨੂੰ ਪ੍ਰਗਟ ਕਰਨ ਲਈ ਉਹ ਸੰਦ ਸਾਧਨ ਨਹੀਂ ਜਿਸ ਨਾਲ ਉਹ ਆਪਣੀ ਹੋਂਦ ਰਜਿਸਟਰ ਕਰਵਾ ਸਕਣ।[2]

ਪੰਜਾਬੀ ਭਾਸ਼ਾ ਵਿੱਚ ਵਰਤਿਆ ਜਾਂਦਾ ਸ਼ਬਦ 'ਹਾਸ਼ੀਆਗਤ' ਸਬਾਲਟਰਨ ਦਾ ਪੰਜਾਬੀ ਰੂਪ ਹੈ। ਹਾਸ਼ੀਆਗਤ ਵਿੱਚ ਉਹ ਸਮੂਹ ਹਨ, ਜੋ ਸ਼ੋਸ਼ਤ ਅਤੇ ਦੱਬੇ-ਕੁਚਲੇ ਹਨ। ਜੀਵਨ ਦੀ ਮੁੱਖ ਧਾਰਾ ਵਿੱਚ ਜਿੰਨ੍ਹਾਂ ਦੀ ਕੋਈ ਪੁੱਛ-ਗਿੱਛ ਨਹੀਂ ਹੈ। ਇਹ ਸਮੂਹ ਅਧੀਨਗੀ ਵਾਲਾ ਜੀਵਨ ਬਸਰ ਕਰਦੇ ਹਨ। ਸਾਧਨ ਵਿਹੂਣੇ ਇਹਨਾਂ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਵੀ ਨਹੀਂ ਹੁੰਦੀ। ਇਹਨਾਂ ਵਿੱਚ ਜਾਤ-ਜਮਾਤ ਦੇ ਆਧਾਰ ਤੋਂ ਇਲਾਵਾ ਕਬੀਲਿਆਂ, ਨਿਮਨ ਕਿਸਾਨੀ, ਔਰਤਾਂ ਆਦਿ ਅਜਿਹੇ ਹਾਸ਼ੀਆਗਤ ਸਮੂਹ ਹਨ, ਜਿਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਹਰ ਮੋੜ 'ਤੇ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿੱਚ ਸ਼ੋਸ਼ਣ ਦਾ ਸ਼ਿਕਾਰ ਪੈਂਦਾ ਹੈ। ਕੋਈ ਵੀ ਵਰਗ

ਜਿਸ ਨਾਲ ਇਸ ਸਮਾਜ ਵਿੱਚ ਧੱਕਾ ਹੋ ਰਿਹਾ ਹੋਵੇ ਉਹ ਹਾਸ਼ੀਆਗਤ ਸਮੂਹ ਦੇ ਅਧੀਨ ਹੀ ਮੰਨਿਆ ਜਾਂਦਾ ਹੈ। ਹਰ ਵਿਅਕਤੀ ਜਾਂ ਸਮੂਹ ਕਿਸੇ ਨਾ ਕਿਸੇ ਤਰ੍ਹਾਂ ਵੱਖੋ-ਵੱਖ ਪ੍ਰਸੰਗਾਂ ਵਿੱਚ ਆਪਣੀ ਵਿਸ਼ੇਸ਼ ਸਥਿਤੀ ਕਾਰਨ ਸਬਾਲਟਰਨ ਦੇ ਦਾਇਰੇ ਵਿੱਚ ਸ਼ਾਮਲ ਹੋ ਸਕਦਾ ਹੈ।

ਪੰਜਾਬੀ ਵਿੱਚ ਹਾਸ਼ੀਆਗਤ ਵਰਗਾਂ ਦੀ ਪੇਸ਼ਕਾਰੀ ਵੱਖ-ਵੱਖ ਸਾਹਿਤ ਰੂਪਾਂ ਵਿੱਚ ਹੋਈ ਹੈ। ਪੰਜਾਬੀ ਸਾਹਿਤ ਵੀ ਹਾਸ਼ੀਆਗਤ ਵਰਗ ਦੀ ਚੇਤਨਾ ਦੇ ਵਿਕਾਸ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਰਿਹਾ ਹੈ। ਪੰਜਾਬੀ ਲੋਕ ਕਾਵਿ ਵਿੱਚ ਸਬਾਲਟਰਨ ਧਿਰਾਂ ਦੀ ਪੇਸ਼ਕਾਰੀ ਹੋਈ ਹੈ। ਸਬਾਲਟਰਨ ਧਿਰਾਂ ਲੋਕ ਕਾਵਿ ਵਿੱਚ ਆਪਣੀ ਗੱਲ ਰੱਖਦੀਆਂ ਰਹੀਆਂ ਹਨ, ਗੈਰ-ਹਾਜ਼ਰ ਨਹੀਂ ਹਨ ਪਰ ਕੁਝ ਨਹੀਂ ਰੱਖ ਰਹੀਆਂ। ਜੋ ਧਿਰਾਂ ਲੋਕ ਕਾਵਿ ਵਿੱਚ ਵੀ ਆਪਣੀ ਗੱਲ ਨਹੀਂ ਰੱਖ ਰਹੀਆਂ ਉਹ ਅਸਲ ਵਿੱਚ ਸਬਾਲਟਰਨ ਜਾਂ ਹਾਸ਼ੀਆਗਤ ਹਨ। ਹਾਸ਼ੀਆਗਤ ਧਿਰਾਂ ਵੀ ਦੂਜੀਆਂ ਹਾਸ਼ੀਆਗਤ ਧਿਰਾਂ ਲਈ ਧਿqqਕਾਰਮੂਲਕ ਮੁਹਾਵਰਾ ਵਰਤਦੀਆਂ ਹਨ।

ਸਾਡੇ ਖੋਜ ਪੱਤਰ ਦਾ ਵਿਸ਼ਾ ਵਿਆਹ ਦੇ ਮੌਕੇ ’ਤੇ ਲਾਏ ਜਾਂਦੇ ਦੋਹਿਆਂ ਦੇ ਆਧਾਰ ’ਤੇ ਪੰਜਾਬੀ ਸਭਿਆਚਾਰ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿੱਚ ਵਿਚਰਦੇ ਵੱਖ-ਵੱਖ ਰਿਸ਼ਤਿਆਂ ਅਤੇ ਸਮੂਹਾਂ ਦੀ ਹਾਸ਼ੀਆਗਤ ਪਛਾਣ ਅਤੇ ਸਥਿਤੀ ਨੂੰ ਸਾਹਮਣੇ ਲੈ ਕੇ ਆਉਣਾ ਹੈ। ‘ਦੋਹਾ’ ਵਿਆਹ ਦੀਆਂ ਵੱਖ-ਵੱਖ ਰਸਮਾਂ ’ਤੇ ਗਾਇਆ ਜਾਣ ਵਾਲਾ ਲੋਕ ਕਾਵਿ-ਰੂਪ ਹੈ। ‘ਦੋਹਾ’ ਕਾਵਿ ਰੂਪ ਨੂੰ ਹੇਅਰੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਡਾ. ਨਾਹਰ ਸਿੰਘ ਦੋਹੇ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ :

> ਪੰਜਾਬ ਦੇ ਮਾਲਵਾ ਉਪ ਖੇਤਰ ਦੇ ਲੋਕਗੀਤਾਂ ਵਿੱਚ ਹੇਅਰਾ ਜਾਂ ਦੋਹਾ ਵਿਲੱਖਣ ਅੰਦਾਜ਼ ਵਿੱਚ ਉਚਾਰਿਆ ਜਾਣ ਵਾਲਾ ਗੀਤ ਰੂਪ ਹੈ। ਇਸ ਗੀਤ ਰੂਪ ਦਾ ਨਿਭਾਉ ਵਿਆਹ ਦੇ ਵਿਭਿੰਨ ਸੰਦਰਭਾਂ ਨਾਲ ਸੰਬੰਧਿਤ ਵਿਆਹ ਦੇ ਭਿੰਨ-ਭਿੰਨ ਮੌਕਿਆਂ ਉੱਤੇ ਔਰਤਾਂ ਵੱਲੋਂ ਸੰਬੰਧਿਤ ਧਿਰਾਂ ਨੂੰ ਮੁਖਾਤਬ ਹੋ ਕੇ ਗਾਇਆ ਜਾਂਦਾ ਹੈ। ਇਹ ਗੀਤ ਸ਼ਗਨਾਂ ਦੇ ਬਾਕੀ ਗੀਤਾਂ ਵਾਂਗ ਹੀ ਗਾਏ ਜਾਂਦੇ ਹਨ।[3]

ਦੋਹਾ ਕਾਵਿ ਰੂਪ ਸੰਬੋਧਨ ਮੁਖੀ ਹੋਣ ਕਰਕੇ ਇਸ ਨੂੰ ਮਾਲਵੇ ਵਿੱਚ ਦੋਹਾ ਲਾਉਣਾ ਵੀ ਕਿਹਾ ਜਾਂਦਾ ਹੈ। ਸੋ ਦੋਹਾ ਮਾਲਵੇ ਖੇਤਰ ਵਿੱਚ ਮੰਗਣੇ ਦੀ ਰਸਮ, ਜੰਨ ਚੜ੍ਹਨ ਸਮੇਂ, ਜੰਨ ਦੇ ਰੋਟੀ ਖਾਣ ਸਮੇਂ, ਡੋਲੀ ਦੀ ਵਿਦਾਇਗੀ ਸਮੇਂ ਅਤੇ ਲਾੜੀ ਦੇ ਸੁਆਗਤ ਸਮੇਂ ਔਰਤਾਂ ਵੱਲੋਂ ਲਾਇਆ ਜਾਂਦਾ ਹੈ। ਵਿਆਹ ਵਿੱਚ ਜ਼ਿਆਦਾਤਰ ਦੋਹੇ ਔਰਤਾਂ ਦੁਆਰਾ ਹੀ ਸਿਰਜੇ ਅਤੇ ਗਾਏ ਜਾਂਦੇ ਹਨ।

ਦੋਹਾ ਪੰਜਾਬੀ ਦਾ ਹਰਮਨ ਪਿਆਰਾ ਲੋਕ ਕਾਵਿ-ਰੂਪ ਹੈ। ‘ਦੋਹਾ’ ਸ਼ਬਦ ਦੀ ਉਤਪਤੀ ਦੋਹੜਾ, ਦੋਹਰਾ ਤੋਂ ਮੰਨੀ ਜਾਂਦੀ ਹੈ। ਦੋਹਰਾ ਇਕ ਛੰਦ ਹੈ ਜਿਸਦੀ ਵਰਤੋਂ ਵਸ਼ਿਸ਼ਟ-ਕਾਵਿ ਤੇ ਲੋਕ-ਕਾਵਿ ਦੋਵਾਂ ਵਿੱਚ ਕੀਤੀ ਜਾਂਦੀ ਹੈ। ਦੋਹੇ ਨੂੰ ਦੋਹਰੇ ਛੰਦ ਦਾ ਰੂਪ ਮੰਨਿਆ ਜਾਂਦਾ ਹੈ। ਰਤਨ ਸਿੰਘ ਜੱਗੀ ਨੇ ਦੋਹੇ ਤੇ ਦੋਹਰੇ ਨੂੰ ਇਕੋ ਅਰਥ ਵਿਚ ਲਿਆ ਹੈ। ਦੋਹੇ

ਦੀਆਂ ਦੋ ਤੁਕਾਂ ਤੇ ਚਾਰ ਚਰਨ ਹੁੰਦੇ ਹਨ। ਦੋਹਾ ਭਗਤੀ ਕਾਵਿ ਦੁਆਰਾ ਪ੍ਰਵਾਨਤ ਕਾਵਿ-ਰੂਪ ਹੈ ਜਿਸ ਰਾਹੀਂ ਭਗਤ ਕਵੀਆਂ ਨੇ ਆਪਣੇ ਅਧਿਆਤਮਿਕ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਹੈ ਅਤੇ ਦੋਹੜਾ ਸੂਫ਼ੀ ਕਵੀਆਂ ਦੁਆਰਾ ਵਰਤਿਆ ਜਾਣ ਵਾਲਾ ਕਾਵਿ-ਰੂਪ ਹੈ। ਇਹਨਾਂ ਕਾਵਿ-ਰੂਪਾਂ ਵਿਚ ਹਾਸ਼ੀਆਗਤ ਧਿਰਾਂ ਦੀ ਗੱਲ ਕਰਨ ਦੀ ਪਰੰਪਰਾ ਰਹੀ ਹੈ।ਪੰਜਾਬੀ ਜਨ-ਜੀਵਨ ਵਿਚਲੇ ਰਿਸ਼ਤਿਆਂ ਦੀਆਂ ਬਾਰੀਕ ਅਤੇ ਸੂਖਮ ਤੰਦਾਂ ਬਾਰੇ ਪੰਜਾਬੀ ਲੋਕ ਕਾਵਿ ਮੁੱਢ ਤੋਂ ਹੀ ਬਾਤ ਪਾਉਂਦਾ ਆਇਆ ਹੈ। ਇਹਨਾਂ ਸੂਖਮ ਤੰਦਾਂ ਵਿੱਚ ਪੇਸ਼ ਹਾਸ਼ੀਆਗਤ ਧਿਰਾਂ ਦੀ ਪਹਿਚਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੋਹੇ ਦਾ ਵਿਸ਼ਲੇਸ਼ਣ ਕਰਨਾ ਹੀ ਸਾਡੇ ਅਧਿਐਨ ਦਾ ਪ੍ਰਮੁੱਖ ਕਾਰਜ ਅਤੇ ਖੇਤਰ ਹੈ। ਉਪਰੋਕਤ ਅਧਿਐਨ ਲਈ ਅਸੀਂ ਹੇਠ ਲਿਖੇ ਵਰਗਾਂ ਜਾਂ ਸ਼੍ਰੇਣੀਆਂ ਨੂੰ ਆਧਾਰ ਬਣਾਵਾਂਗੇ।

(I) ਧੀ

(II) ਧੀ ਵਾਲੀ ਧਿਰ

(III) ਜੇਠ

(IV) ਪੇਸ਼ਾਵਰ ਜਾਤਾਂ

(ੳ) ਬੌਰੀਏ

(ਅ) ਨਾਈ/ਨੈਣ

(ੲ) ਖੱਤਰੀ

ਪੰਜਾਬੀ ਸਮਾਜ ਇੱਕ ਬੰਦ ਸਮਾਜ ਰਿਹਾ ਹੈ। ਜਿਸ ਵਿੱਚ ਔਰਤ ਹੀ ਸਾਰੀਆਂ ਬੰਦਿਸ਼ਾਂ ਦਾ ਸੰਤਾਪ ਹੰਢਾਉਂਦੀ ਹੈ। ਉਸ ਦਾ ਸਮੁੱਚਾ ਜੀਵਨ ਅਧੀਨਤਾ ਵਿੱਚ ਵਿਚਰਦਾ ਹੈ। ਔਰਤ ਦੇ ਜੀਵਨ ਪੜਾਵਾਂ ਬਾਰੇ ਅਮ੍ਰਿਤਾ ਪ੍ਰੀਤਮ ਲਿਖਦੀ ਹੈ :

> ਔਰਤ ਆਪਣੀ ਸਮੁੱਚੀ ਜ਼ਿੰਦਗੀ ਵਿੱਚ ਗੀਤਾਂ ਦੇ ਤਿੰਨ ਨਾਟ ਖੇਡਦੀ ਹੈ ਪਹਿਲੇ ਨਾਟ ਵਿੱਚ ਉਸਦਾ ਪਿਤਾ, ਦੂਸਰੇ ਵਿੱਚ ਉਸ ਦਾ ਪਤੀ, ਤੀਸਰੇ ਨਾਟ ਵਿੱਚ ਉਸ ਦਾ ਪੁੱਤਰ ਤਿੰਨ ਮੁੱਖ ਨਾਇਕ ਕੰਮ ਕਰਦੇ ਦਿੱਸਦੇ ਹਨ।[4]

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਵਿੱਚ ਵਸਤੂ ਦੇ ਨਿਆਂਈ ਵਿਚਰਦੀ ਰਹੀ ਹੈ। ਪਰੰਪਰਕ ਸਮਾਜ ਵਿੱਚ ਉਸਦੀ ਮਾਲਕੀ ਉਸ ਦੇ ਪਿਤਾ, ਭਰਾ, ਪਤੀ ਅਤੇ ਪੁੱਤਰ ਨੂੰ ਦਿੱਤੀ ਗਈ ਹੈ। ਉਹ ਨਿਰੰਤਰ ਅਧੀਨਗੀ ਵਿੱਚ ਆਪਣਾ ਜੀਵਨ ਬਤੀਤ ਕਰਦੀ ਹੈ। ਇਸ ਅਧੀਨਗੀ ਵਿੱਚ ਵਿਚਰਦਿਆਂ ਉਸ ਦੀ ਮਾਨਸਿਕ ਸਥਿਤੀ ਵੀ ਅਜਿਹੀ ਹੋ ਜਾਂਦੀ ਹੈ ਕਿ ਉਹ ਆਪਣੇ-ਆਪ ਨੂੰ ਮਰਦ ਤੋਂ ਕਮਜ਼ੋਰ ਸਮਝਣ ਲੱਗ ਜਾਂਦੀ ਹੈ, ਅਤੇ ਮਰਦ ਤੋਂ ਆਸਰਾ ਭਾਲਦੀ ਹੈ। ਉਦਾਹਰਣ ਦੇ ਤੌਰ ਤੇ "ਲੋਕਧਾਰਾ ਵਿੱਚ ਮਾਂ ਆਪਣੀ ਧੀ ਨੂੰ ਪੱਥਰ ਸਮਝਦੀ ਹੈ, ਧੀ ਆਪਣੇ-ਆਪ ਨੂੰ ਮਾਪਿਆਂ ਸਿਰ ਬੋਝ ਖਿਆਲ

ਕਰਦੀ ਹੈ, ਸਹੁਰਿਆਂ ਦੇ ਵਤੀਰੇ ਤੋਂ ਦੁਖੀ ਔਰਤ ਵੀਰ ਦਾ ਆਸਰਾ ਲੱਭਦੀ ਹੈ। ਪਤੀ ਉਸ ਨੂੰ ਸਿਰ ਦਾ ਸਾਈਂ ਜਾਪਦਾ ਹੈ।"[5] ਇਸ ਪ੍ਰਕਾਰ ਮਰਦ ਪ੍ਰਧਾਨ ਸਮਾਜ ਵਿੱਚ ਜੰਮੀ ਪਲੀ ਔਰਤ ਦੇ ਦਿਲ ਵਿੱਚ ਇਹ ਕਦਰਾਂ-ਕੀਮਤਾਂ ਸਹਿਜ ਸੁਭਾਅ ਹੀ ਉਤਪੰਨ ਹੋ ਜਾਂਦੀਆਂ ਹਨ ਤੇ ਉਹ ਆਪਣੇ ਆਪ ਨੂੰ ਇੱਕ ਹਾਸ਼ੀਏ 'ਤੇ ਪ੍ਰਤੀਤ ਕਰਦੀ ਹੈ। ਜਿਸ ਦਾ ਜ਼ਿਕਰ ਦੋਹਾ ਕਾਵਿ ਰੂਪ ਵਿੱਚ ਦੇਖਿਆ ਜਾ ਸਕਦਾ ਹੈ ਜਿਵੇਂ :

ਧੀ ਹੋਵੇ ਤਾਂ ਧਨ ਹੋਵੇ
ਨਿਰਧਨ ਧੀ ਨਾ ਹੋ
ਧੀ ਰੱਖੀ ਮੇਰੇ ਬਾਪ ਨੇ
ਝੁਰ ਝੁਰ ਪਿੰਜਰ ਹੋ।

ਉਪਰੋਕਤ ਦੋਹਾ ਸਮਾਜਿਕ ਯਥਾਰਥ ਨੂੰ ਪੇਸ਼ ਕਰਦਾ ਹੈ। ਪੰਜਾਬੀਆਂ ਦੀ ਅਣਖ ਦਾ ਸੰਕਲਪ ਧੀ ਦੀ ਇੱਜ਼ਤ ਅਤੇ ਧਨ ਨਾਲ ਜੁੜਿਆ ਹੋਇਆ ਹੈ। ਜਿਸ ਕੋਲ ਧਨ ਤੇ ਤਾਕਤ ਹੈ ਉਹ ਤਾਕਤਵਰ ਹੈ। ਤਾਕਤਵਰ ਧਿਰ ਹਮੇਸ਼ਾ ਹੀ ਆਪ ਤੋਂ ਨਿਮਾਣੀ ਧਿਰ ਨਾਲ ਧੱਕਾ ਕਰਦੀ ਰਹੀ ਹੈ। ਤਾਕਤਵਰ ਧਿਰ ਕੋਲੋਂ ਧੀ ਨੂੰ ਸੁਰੱਖਿਅਤ ਰੱਖਣ ਦੀ ਚਿੰਤਾ ਹੀ ਉਪਰੋਕਤ ਦੋਹੇ ਦਾ ਪੇqqਰਕ ਬਣਦੀ ਹੈ। ਇਸੇ ਕਾਰਨ ਹੀਸਮਾਜ ਵਿੱਚ ਧੀ ਨੂੰ ਹਮੇਸ਼ਾ ਹੀ ਬੋਝ ਖਿਆਲਿਆ ਜਾਂਦਾ ਰਿਹਾ ਹੈ ਤੇ ਇਸੇ ਲਈ ਕੁੜੀ ਦੇ ਜਨਮ ਸਮੇਂ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ ਸੀ। ਧੀ (ਔਰਤ) ਦਾ ਜਨਮ ਜਿੱਥੇ ਮਾਪਿਆਂ ਲਈ ਇੱਕ ਵਿਸ਼ੇਸ਼ ਕਿਸਮ ਦਾ ਬੋਝ ਮੰਨਿਆ ਜਾਂਦਾ ਰਿਹਾ, ਉੱਥੇ ਹੀ ਮੁੰਡੇ ਦਾ ਜਨਮ ਆਰਥਿਕ ਖੁਸ਼ਹਾਲੀ ਤੇ ਵਾਧੇ ਦਾ ਸੰਕੇਤ ਜਾਪਦਾ ਹੈ ਜਿਵੇਂ :-

ਜਿੱਦਣ ਵੀਰਾ ਵੇ ਤੂੰ ਜਰਮਿਆ
ਆਪਣੀ ਮਾਂ ਨੇ ਰਿੰਨੀ ਵੇ ਖੀਰ
ਕੰਨ ਚਾਨਣ ਹੋ ਗਿਆ
ਕੋਈ ਜੱਗ ਵਿੱਚ ਪੈ ਗਿਆ
ਵੇ ਵੀਰਨ ਮੇਰਿਆ... ਸੀਰ

ਦੋਹਿਆਂ ਵਿੱਚ ਧੀ ਜਾਂ ਔਰਤ ਜਨਮ ਤੋਂ ਹੀ ਸਬਾਲਟਰਨ ਕਿਉਂ ਹੈ? ਕਿਉਂਕਿ ਸਾਡੇ ਪਿਤਰੀ ਪਰਿਵਾਰਾਂ ਦੀਆਂ ਇਕਾਈਆਂ ਉੱਤੇ ਖੜੇ ਸਭਿਆਚਾਰਕ ਪ੍ਰਬੰਧ ਵਿਚ ਜਾਇਦਾਦ ਦੀ ਵਿਰਾਸਤ ਦੇ ਸਮਾਨਅੰਤਰ, ਖਾਨਦਾਨ ਦੀ ਲੜੀ ਪਿਉ ਜਾਂ ਮਰਦ ਦੇ ਨਾਂ ਉੱਤੇ ਹੀ ਚਲਦੀ ਹੈ। ਉਪਰੋਕਤ ਦੋਹਾ ਮਰਦ ਪqਧਾਨ ਸਮਾਜਿਕ ਵਿਵਸਥਾ ਵਿੱਚ ਮਰਦ ਦੀ ਜਾਂ ਪੁੱਤ ਦੀ ਦਾਬੇਦਾਰੀ ਨੂੰ ਸਥਾਪਤ ਕਰਦਾ ਨਜ਼ਰ ਆਉਂਦਾ ਹੈ। ਜਦੋਂ ਅਸੀਂ ਦੋਹਿਆਂ ਦੇ ਪਾਠ ਦਾ ਅਧਿਐਨ ਕਰਦੇ ਤਾਂ ਕੋਈ ਵੀ ਅਜਿਹਾ ਦੋਹਾ ਨਜ਼ਰ ਨਹੀਂ ਆਉਂਦਾ ਜਿਸ ਵਿੱਚ ਧੀ ਦੇ ਜੰਮਣ ਦੀ ਕੋਈ ਖੁਸ਼ੀ ਪ੍ਰਗਟ ਕੀਤੀ ਗਈ ਹੋਵੇ। ਜਦਕਿ

ਪੁੱਤ ਜਾਂ ਵੀਰ ਦੇ ਰਿਸ਼ਤੇ ਨਾਲ ਸੰਬੰਧਿਤ ਦੋਹਿਆਂ ਦਾ ਪਾਠ ਢੇਰ ਰੂਪ ਵਿੱਚ ਮਿਲ ਜਾਂਦਾ ਹੈ। ਇਸੇ ਤਰ੍ਹਾਂ, ਵਿਆਹ ਦੀਆਂ ਵਿਭਿੰਨ ਰਸਮਾਂ ’ਤੇ ਪੁੱਤਰ ਜਾਂ ਵੀਰ ਤੂੰ ਹਮੇਸ਼ਾ ਵਡਿਆ ਕੇ ਪੇਸ਼ ਕੀਤਾ ਜਾਂਦਾ ਹੈ। ਜੇਕਰ ਕਿਧਰੇ ਧੀ ਨਾਲ ਸੰਬੰਧਤ ਦੋਹੇ ਮਿਲਦੇ ਵੀ ਹਨ ਤਾਂ ਉਨ੍ਹਾਂ ਵਿੱਚ ਧੀ ਨੂੰ ਬੋਝ ਜਾਂ ਬੇਗਾਨਾ ਧਨ ਕਹਿ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਜਿਵੇਂ :

ਭਰਿਆ ਬਗੀਚਾ ਬਾਬਲ ਦਾ
ਵੇ ਕੋਈ ਲੱਗ ਰਹੀ ਗੁਲਜਾਰ
ਧੀਆਂ ਜਾਣ ਘਰ ਬਿਗਾਨੜੇ
ਕੋਈ ਛੱਡ ਕੇ ਬਾਗ
ਵੇ ਸਮਝੋ ਸਿਆਣਿਆਂ ਵੇ... ਬਹਾਰ।

ਭੋਇੰ ਕੇਂਦਰਤ, ਪਿਤਰੀ ਸਮਾਜ ਦੇ ਉਸਾਰ ਉਤੇ ਸਿਰਜੇ ਗਏ ਸਾਕਾਦਾਰੀ ਸਬੰਧਾਂ ਵਿੱਚ ਔਰਤ ਦੇ ਵਟਾਂਦਰੇ ਸਮੇਂ ਪਰਿਵਾਰਗਤ ਸਮਾਨਤਾ ਨਹੀਂ ਹੋ ਸਕਦੀ ਸੀ, ਇਸ ਸਥਿਤੀ ਵਿੱਚ ਔਰਤ ਦਾ ਭੋਇੰ ਨਾਲੋਂ, ਜਾਇਦਾਦ ਨਾਲੋਂ, ਪਿੰਡ ਨਾਲੋਂ, ਗੋਤ ਨਾਲੋਂ, ਪਰਿਵਾਰ ਨਾਲੋਂ ਵਿਛੋੜਾ ਹੋ ਜਾਂਦਾ ਹੈ। ਉਪਰੋਕਤ ਦੋਹਾ ਸਾਕਾਦਾਰੀ ਸਬੰਧਾਂ ਵਿਚਲੇ ਅਸਾਵੇਂਪਣ ਦੀ ਬਾਤ ਪਾਉਂਦਾ ਹੈ।ਇਸ ਦੋਹੇ ਦੇ ਆਖਰੀ ਸੰਬੋਧਨ ਵਿੱਚ ਉਹ ਉਨ੍ਹਾਂ ਸਿਆਣੇ, ਸਮਝਦਾਰ ਜਾਂ ਸਮਾਜ ਦੇ ਮੋਹਤਵਰ ਬੰਦਿਆਂ ਨੂੰ ਮੁਖਾਤਿਬ ਹੁੰਦੀ ਨਜ਼ਰ ਆਉਂਦੀ ਹੈ ਜਿੰਨਾ ਨੇ ਇਸ ਸਮਾਜ ਵਿੱਚ ਧੀ ਦਾ ਹੱਕ ਮਾਰਿਆ ਹੈ ਜਾਂ ਉਸ ਨੂੰ ਆਪਣੇ ਘਰ ਵਿੱਚ ਰਹਿੰਦਿਆਂ ਬੇਗਾਨੇ ਹੋਣ ਦਾ ਅਹਿਸਾਸ ਕਰਾਇਆ ਹੈ। ਪਰ ਧੀ/ਔਰਤ ਦੀ ਤ੍ਰਾਸਦੀ ਇਹ ਰਹੀ ਹੈ ਕਿ ਉਸ ਨੂੰ ਸਹੁਰੇ ਘਰ (ਬੇਗਾਨੇ ਘਰ) ਵਿੱਚ ਵੀ ਉਹ ਮਾਣ ਸਤਿਕਾਰ ਜਾਂ ਉਸ ਦਾ ਬਣਦਾ ਸਥਾਨ ਨਹੀਂ ਦਿੱਤਾ ਜਾਂਦਾ। ਇਸ ਬਾਰੇ ਡਾ. ਨਾਹਰ ਸਿੰਘ ਲਿਖਦਾ ਹੈ :

> ਵਿਆਹ ਤੋਂ ਬਾਅਦ ਜਦੋਂ ਮੁਟਿਆਰ ਨਵੇਂ ਘਰ ਪ੍ਰਵੇਸ਼ ਕਰਦੀ ਹੈ ਤਾਂ ਉਹ ਸਮਾਜਿਕ ਗੁਲਾਮੀ ਦੇ ਦੋਹਰੇ ਸੰਗਲਾਂ ਵਿੱਚ ਜਕੜੀ ਜਾਣ ਲੱਗਦੀ ਹੈ। ਪੇਕੇ ਘਰ ਵਿੱਚ ਔਰਤ ‘ਆਪਣਿਆਂ ਦੀ ਗੁਲਾਮ ਹੈ ਸਹੁਰੇ ਘਰ ਆ ਕੇ ਉਹ ਡਾਢਿਆਂ ਦੇ ਵੱਸ ਪੈ ਜਾਂਦੀ ਹੈ।’[6]

ਡਾ. ਨਾਹਰ ਸਿੰਘ ਦੀ ਉਪਰੋਕਤ ਟਿੱਪਣੀ ਤੋਂ ਇਹ ਪੱਖ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਸਮਾਜ ਵਿੱਚ ਔਰਤ ਭਾਵੇਂ ਧੀ ਹੈ ਭਾਵੇਂ ਨੂੰਹ, ਉਸ ਦਾ ਦਰਜਾ ਹਾਸ਼ੀਆਗਤ ਹੀ ਹੈ। ਦੋਹਾਂ ਹੀ ਰੂਪਾਂ ਵਿੱਚ ਔਰਤ ਮਰਦ ਦੀ ਅਧੀਨਤਾ ਦਾ ਸ਼ਿਕਾਰ ਹੁੰਦੀ ਹੈ। ਜਿਵੇਂ :

ਫੁੱਲ ਸੋਂਹਦੇ ਫੁਲਵਾੜੀਏ
ਕੋਈ ਗਲ਼ ਵਿੱਚ ਸੋਂਹਦੇ ਹਾਰ
ਸੁੱਕਿਆ ਟਾਂਡਾ ਕੜਬ ਦਾ

ਤੂੰ ਸੁੱਕੀ ਪੇਕਿਆਂ ਦੇ

ਨੀ ਚਤਰੇ ਬਾਹਲੀਏ ਨੀ... ਬਾਰ।

ਉਪਰੋਕਤ ਦੋਹਾ ਔਰਤ ਦੀ ਗੁਲਾਮੀ ਦੇ ਭਾਵ ਦਾ ਪ੍ਰਗਟਾਵਾ ਕਰਦਾ ਨਜ਼ਰ ਆਉਂਦਾ ਹੈ। ਇੱਥੇ 'ਹਾਰ' ਸ਼ਬਦ ਔਰਤ ਦੀ ਗੁਲਾਮੀ ਦਾ ਸੰਕੇਤ ਜਾਪਦਾ ਹੈ। ਪੇਕਿਆਂ ਦੇ ਬਾਰ ਬੈਠਣ ਦਾ ਮੁਹਾਵਰਾ ਵੀ ਔਰਤ ਦੀ ਹਾਸ਼ੀਆਗਤ ਸਥਿਤੀ ਨੂੰ ਪੇਸ਼ ਕਰਦਾ ਹੈ। ਭਾਵ ਜੇਕਰ ਔਰਤ ਨੇ ਸਹੁਰੇ ਰਹਿਣਾ ਹੈ ਤਾਂ ਉਸ ਨੂੰ ਆਪਣੇ ਪਤੀ ਦੀ ਅਧੀਨਗੀ ਵਿੱਚ ਹੀ ਰਹਿਣਾ ਪਵੇਗਾ ਨਹੀਂ ਤਾਂ ਉਹ ਸਦਾ ਲਈ ਪੇਕੇ ਭੇਜ ਦਿੱਤੀ ਜਾਵੇਗੀ ਤੇ ਵਿਆਹ ਤੋਂ ਬਾਅਦ ਪੇਕਿਆਂ ਵਿੱਚ ਰਹਿਣ ਵਾਲੀ ਔਰਤ ਦੀ ਸਥਿਤੀ ਦੀ ਤੁਲਨਾ ਕੜਬ ਦੇ ਸੁੱਕੇ ਟਾਂਡੇ ਨਾਲ ਕੀਤੀ ਗਈ ਹੈ। ਕੜਬ ਦੇ ਸੁੱਕੇ ਟਾਂਡੇ ਦਾ ਚਿਨ੍ਹ ਵਿਆਹ ਤੋਂ ਬਾਅਦ ਪਤੀ ਤੋਂ ਬਿਨ੍ਹਾਂ ਰਹਿ ਰਹੀ ਔਰਤ ਦੀ ਹਾਸ਼ੀਆਗਤ ਸਥਿਤੀ ਨੂੰ ਚਿਨ੍ਹੀਕਰਤ ਕਰਦਾ ਹੈ। ਇੱਕ ਹੋਰ ਦੋਹਾ ਜਿਸ ਰਾਹੀਂ ਔਰਤ ਉਪਰੋਕਤ ਦੋਹੇ ਦਾ ਜਵਾਬ ਦਿੰਦੀ ਹੈ। ਜਿਵੇਂ:

ਫੁੱਲ ਸੋਹਦੇ ਫੁਲਵਾੜੀਏ ਚਤਰਿਆ

ਕੋਈ ਗਲ਼ ਵਿੱਚ ਸੋਂਹਦੇ ਹਾਰ

ਕੋਈ ਵੱਡੇ ਵੀਰ ਦੀ ਭੈਣ ਮੈਂ

ਕੋਈ ਖੜ੍ਹੀ ਬਾਪ ਦੇ

ਵੇ ਸੁਣਦਿਆਂ ਕੰਨ ਕਰੀ ਵੇ ... ਬਾਰ।

ਇਸ ਦੋਹੇ ਵਿੱਚ ਬੇਸ਼ੱਕ ਔਰਤ ਮਰਦ ਨੂੰ ਮੋੜਵਾਂ ਜਵਾਬ ਦਿੰਦੀ ਹੈ ਪਰ ਇੱਥੇ ਵੀ ਉਸ ਦੀ ਤ੍ਰਾਸਦੀ ਰਹੀ ਹੈ ਕਿ ਉਹ ਆਪਣੇ ਵੱਡੇ ਵੀਰ ਜਾਂ ਬਾਪ ਦਾ ਭਾਵ ਮਰਦ ਦਾ ਆਸਰਾ ਭਾਲਦੀ ਪ੍ਰਤੀਤ ਹੁੰਦੀ ਹੈ। ਉਹ ਆਪਣੇ ਆਪ ਨੂੰ ਮਰਦ ਦੀ ਓਟ ਵਿੱਚ ਹੀ ਸੁਰੱਖਿਅਤ ਸਮਝਦੀ ਹੈ।

**2. ਧੀ ਵਾਲੀ ਧਿਰ:-**

ਵਿਆਹ ਦੀਆਂ ਵਿਭਿੰਨ ਰਸਮਾਂ ਤੇ ਗਏ ਜਾਣ ਵਾਲੇ ਦੋਹਿਆਂ ਦੇ ਪਾਠ ਵਿੱਚ ਜੇਕਰ ਦੇਖਿਆ ਜਾਵੇ ਤਾਂ ਸਿਰਫ਼ ਧੀ ਹੀ ਹਾਸ਼ੀਆਗਤ ਧਿਰ ਵਜੋਂ ਪੇਸ਼ ਨਹੀਂ ਹੁੰਦੀ। ਵੱਖ-ਵੱਖ ਰਸਮਾਂ/ਪ੍ਰਸੰਗਾਂ ਵਿੱਚ ਧੀ ਵਾਲੀ ਧਿਰ ਜਿਸ ਵਿੱਚ ਉਸ ਦੇ ਮਾਪੇ, ਸਰੀਕਾ, ਕਬੀਲਾ, ਨਾਨਕੇ, ਦਾਦਕੇ, ਭਾਈਚਾਰਾ ਸ਼ਾਮਲ ਹਨ, ਵੀ ਹਾਸ਼ੀਆਗਤ ਧਿਰ ਵਜੋਂ ਪੇਸ਼ ਹੋਏ ਮਿਲਦੇ ਹਨ। ਕਿਉਂਕਿ ਸਾਡੇ ਸਾਕਾਦਾਰੀ ਸਬੰਧਾਂ ਵਿਚ ਜਾਇਦਾਦ ਦੀ ਮਾਲਕੀ ਪੁੱਤਰਾਂ ਕੋਲ ਰਹਿੰਦੀ ਹੈ। ਧੀ ਦੇਣਾ ਭਾਵੇਂ ਪੁੰਨ ਦਾ ਕਾਰਜ ਮੰਨਿਆ ਜਾਂਦਾ ਹੈ ਪਰ ਸਭਿਆਚਾਰਕ ਦਿqਸ਼ਟੀ ਤੋਂ ਇਹ ਨੀਵੇਪਣ ਦੇ ਅਹਿਸਾਸ ਤੋਂ ਮੁਕਤ ਨਹੀਂ ਹੈ। ਧੀਆਂ ਨੂੰ ਪਿਤਾ ਪੁਰਖੀ ਜਾਇਦਾਦ ਤੋਂ ਵਾਂਝੇ ਰੱਖਣ ਕਾਰਨ ਪੁੱਤ ਵਾਲੀਆਂ ਰਿਸ਼ਤੇਦਾਰੀਆਂ ਦਾ ਹੱਥ, ਆਰਥਕ ਪੱਖੋਂ ਧੀ ਵਾਲੀਆਂ ਰਿਸ਼ਤੇਦਾਰੀਆਂ ਦੇ ਉੱਤੇ ਹੋ ਜਾਂਦਾ ਹੈ। ਕੁੜੀ ਜਾਂ ਧੀ ਵਾਲੀ ਧਿਰ ਰਿਸ਼ਤਾ ਤੈਅ ਕਰਨ ਵਾਲੇ ਦਿਨ ਤੋਂ ਹੀ, ਮੁੰਡੇ ਵਾਲੀ

ਧਿਰ ਅੱਗੇ ਆਪਣਾ ਸਿਰ ਸਦਾ ਲਈ ਨਿਵਿਆਂ ਸਮਝਣ ਲੱਗ ਪੈਂਦੀ ਹੈ। ਧੀ ਦਾ ਪਰਿਵਾਰ ਸਮਾਜਿਕ, ਆਰਥਿਕ ਪੱਖੋਂ ਤਾਕਤਵਰ ਹੋਣ ਦੇ ਬਾਵਜੂਦ ਵੀ ਧੀ ਦੇ ਸਹੁਰੇ ਪਰਿਵਾਰ ਅੱਗੇ ਝੁਕਦਾ ਹੈ। ਜਿਵੇਂ :

ਕੋਠੇ ਤੇ ਦੋ ਬੱਤਖਾਂ ਹਾਂ ਜੀ,
ਕਰਦੀਆਂ ਬੱਤੋ ਜੀ ਬੱਤ
ਧੀਆਂ ਵਾਲਿਆਂ ਦੀ ਬੇਨਤੀ
ਕੋਈ ਬੰਨ ਖਲੋਤੇ ਜੀ ਅੱਜ ਦਿਨ ਸ਼ਾਦੀਆ ਜੀ ... ਹੱਥ।

ਭਾਵ ਕਿ ਵਿਆਹ ਵਾਲੇ ਦਿਨ ਧਿਰ ਵਾਲੀ ਧਿਰ ਮੁੰਡੇ ਵਾਲੀ ਧਿਰ ਦੇ ਅੱਗੇ ਆਪਣੇ ਆਪ ਨੂੰ ਨੀਵਾਂ ਹੀ ਸਮਝਦੀ ਹੈ। ਇੱਥੇ ਇੱਕ ਗੱਲ ਹੋਰ ਜੋ ਧਿਆਨ ਮੰਗਦੀ ਹੈ ਕਿ ਧੀ ਵਾਲੀ ਧਿਰ ਸਿਰਫ਼ ਧੀ ਦੇ ਸਹੁਰੇ ਭਾਵ ਮੁੰਡੇ ਦੀ ਧਿਰ ਦੇ ਟਾਕਰੇ ਤੇ ਹੀ ਹਾਸ਼ੀਆਗਤ ਹੁੰਦੀ ਹੈ। ਨਾ ਕਿ ਸਦਾ ਲਈ ਜਾਂ ਸਾਰੀਆਂ ਹਾਲਤਾਂ ਵਿੱਚ। ਕਿਸੇ ਹੋਰ ਪ੍ਰਸੰਗ ਵਿੱਚ ਇਹ ਧੀ ਵਾਲੀ ਧਿਰ ਦਾਬੇ ਵਾਲੀ ਧਿਰ ਦਾ ਸਥਾਨ ਵੀ ਗ੍ਰਹਿਣ ਕਰ ਲੈਂਦੀ ਹੈ। ਇਸੇ ਤਰ੍ਹਾਂ ਇੱਕ ਹੋਰ ਦੋਹਾ ਦੇਖਿਆ ਜਾ ਸਕਦਾ ਹੈ। ਜਿਵੇਂ :

ਨੰਗੇ ਵੀ ਪੈਰੀਂ ਮੇਰਾ ਵੀਰ ਫਿਰੇ, ਸੱਜਣੋ,
ਸੋਡੇ ਪੁੱਤ ਪੋਤਿਆਂ ਦੇ ਹਾਣ
ਵਾਲੀਆਂ ਭੈਣਾਂ ਨੇ ਘੇਰ ਲਿਆ
ਸੋਡਾ ਨਿਉਂ ਨਿਉਂ ਕਰੇ,
ਜੀ ਮੈ ਸੱਚ ਆਖਦੀ ... ਵਿਹਾਰ।

ਉਪਰੋਕਤ ਦੋਹੇ ਵਿੱਚ ਇੱਕ ਮਰਦ (ਭੈਣ ਦੇ ਵੀਰ) ਦੀ ਹਾਸ਼ੀਆਗਤ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ, ਪਰ ਇਹ ਹਾਸ਼ੀਆਗਤ ਸਥਿਤੀ ਵੀ ਔਰਤ/ਭੈਣ ਕਰਕੇ ਹੀ ਹੈ। ਸੋ ਇਸ ਦੋਹੇ ਵਿੱਚ ਵੀ ਜਿੱਥੇ ਮਰਦ ਹਾਸ਼ੀਆਗਤ ਧਿਰ ਦੇ ਤੌਰ ਤੇ ਪੇਸ਼ ਹੋਇਆ ਹੈ ਉਸ ਦਾ ਕਾਰਨ ਔਰਤ ਨਾਲ ਜੋੜਿਆ ਗਿਆ ਹੈ।

**3. ਜੇਠ**

ਜਿਵੇਂ ਕਿ ਅਸੀਂ ਸ਼ੁਰੂ ਵਿੱਚ ਚਰਚਾ ਕਰ ਆਏ ਹਾਂ ਕਿ ਕੋਈ ਵੀ ਵਿਅਕਤੀ ਜਾਂ ਸਮੂਹ ਵੱਖ-ਵੱਖ ਪ੍ਰਸੰਗਾਂ ਵਿੱਚ ਆਪਣੀ ਵਿਸ਼ੇਸ਼ ਸਥਿਤੀ ਕਾਰਨ ਹਾਸ਼ੀਏ ’ਤੇ ਹੋ ਸਕਦਾ ਹੈ। ਇਥੇ ਇਕ ਨੁਕਤਾ ਹੋਰ ਸਾਹਮਣੇ ਆਉਂਦਾ ਹੈ ਕਿ ਜਿਹੜੇ ਬੰਦੇ ਸਮਾਜ ਵਿੱਚ ਕਾਬਜ ਹਨ, ਉੱਪਰ ਹਨ, ਤਾਕਤਵਰ ਹਨ ਦੋਹਿਆਂ ਵਿੱਚ ਉਹ ਹਾਸ਼ੀਆਗਤ ਬਣਾ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵਿੱਚ ਰਿਸ਼ਤਾ-ਨਾਤਾ ਪ੍ਰਬੰਧ ਵਿੱਚ ਜੇਠ ਅਜਿਹਾ ਪਾਤਰ ਹੈ ਜੋ ਵਿਸ਼ੇਸ਼ ਤੌਰ ’ਤੇ ਵਿਆਹ ਵਾਲੇ ਦਿਨ ਹਾਸ਼ੀਆਗਤ ਧਿਰ ਵਿੱਚ ਸ਼ਾਮਲ ਹੋ ਜਾਂਦਾ ਹੈ। ਜੇਠ ਪਤੀ ਦਾ ਵੱਡਾ ਭਰਾ ਹੁੰਦਾ ਹੈ। ਸਹੁਰੇ ਘਰ

ਵਿੱਚ ਮੁੱਖ ਤੌਰ 'ਤੇ ਸੱਸ-ਸਹੁਰਾ, ਜੇਠ-ਜਠਾਣੀ, ਦਿਉਰ-ਦਰਾਣੀ, ਨਣਾਨ ਆਦਿ ਰਿਸ਼ਤੇ ਹੁੰਦੇ ਹਨ। ਇੰਨਾਂ ਰਿਸ਼ਤਿਆਂ ਵਿੱਚੋਂ ਦਿਉਰ-ਭਾਬੀ ਦਾ ਰਿਸ਼ਤਾ ਬੜੇ ਮੋਹ ਵਾਲਾ ਮੰਨਿਆ ਜਾਂਦਾ ਹੈ ਪ੍ਰੰਤੂ ਇਸ ਦੇ ਉਲਟ ਜੇਠ-ਭਾਬੀ ਦਾ ਰਿਸ਼ਤਾ ਹਮੇਸ਼ਾ ਵਿਰੋਧਤਾ ਵਾਲਾ ਰਿਹਾ ਹੈ।

ਬੇਸ਼ੱਕ ਸਹੁਰੇ ਤੋਂ ਬਾਅਦ ਸਹੁਰੇ ਘਰ ਵਿੱਚ ਜੇਠ ਦੀ ਮਹੱਤਤਾ ਵਧੇਰੇ ਹੁੰਦੀ ਹੈ ਪਰ ਦੋਹਿਆਂ ਵਿੱਚੋਂ ਜੇਠ ਪ੍ਰਤੀ ਤ੍ਰਿਸ਼ਕਾਰ ਦੀ ਭਾਵਨਾ ਉਜਾਗਰ ਹੁੰਦੀ ਹੈ। ਜਿਵੇਂ :

ਮੈਂ ਤਾਂ ਪਹਿਨਾ ਡੋਰੀਆ ਜੇਠ ਜੀ
ਤੇਰੇ ਉੱਤੇ ਖੇਸ,
ਤੈਨੂੰ ਦੋਹਾ ਕੀ ਲਾਵਾਂ
ਮੇਰੇ ਪਿਉਆਂ ਵਰਗਾ ਜੀ
ਸੁਣਦਿਆਂ ਕੰਨ ਕਰੀ ਵੇ ... ਜੇਠ।

ਉਪਰੋਕਤ ਦੋਹੇ ਵਿੱਚ ਜਿੱਥੇ ਜੇਠ ਨੂੰ ਪਿਉ ਦਾ ਦਰਜਾ ਦਿੱਤਾ ਗਿਆ ਹੈ ਉੱਥੇ ਨਾਲ ਹੀ ਉਸ ਦਾ ਪਹਿਰਾਵਾ ਤੇ ਹੈਸੀਅਤ ਉਸ ਦੇ ਹਾਸ਼ੀਆਗਤ ਹੋਣ ਦੀ ਗਵਾਹੀ ਭਰਦਾ ਹੈ। ਜੇਠ ਨੂੰ ਉਹ ਦੋਹਾ ਲਾਉਣ ਦੇ ਲਾਇਕ ਵੀ ਨਹੀਂ ਮੰਨਦੀ, ਕਿਉਂਕਿ ਜੇਠ ਉਸ ਦੇ ਪਿਉ ਦੀ ਉਮਰ ਦਾ ਹੈ। ਦੋਹੇ ਹਮੇਸ਼ਾਂ ਹੀ ਉਮਰ ਪੱਖੋਂ ਬਰਾਬਰ ਦੀ ਧਿਰ ਨੂੰ ਲਗਾਏ ਜਾਂਦੇ ਹਨ।

**4. ਪੇਸ਼ਾਵਰ ਜਾਤਾਂ**

ਪੰਜਾਬੀ ਸਮਾਜ ਨੂੰ ਮਿਸ਼ਰਿਤ ਸਭਿਆਚਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਿਸ ਵਿੱਚ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਲੋਕ ਵਸਦੇ ਹਨ। ਪ੍ਰੰਤੂ ਇੱਥੇ ਵੀ ਨਿਮਨ ਸ਼੍ਰੇਣੀ ਦੀਆਂ ਜਾਤਾਂ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ। ਪੰਜਾਬੀ ਸਮਾਜ ਵਿੱਚ ਪਾਈਆਂ ਜਾਣ ਵਾਲੀਆਂ ਪੇਸ਼ਾਵਰ ਜਾਤਾਂ ਬੌਰੀਏ, ਨੈਣ ਨਾਲ ਵੀ ਸੰਬੰਧਤ ਕੁਝ ਦੋਹੇ ਪ੍ਰਾਪਤ ਹੁੰਦੇ ਹਨ ਜੋ ਇਨਾਂ ਦੀ ਹਾਸ਼ੀਆਗਤ ਸਥਿਤੀ ਦੀ ਨਿਸ਼ਾਨਦੇਹੀ ਕਰਦੇ ਪ੍ਰਤੀਤ ਹੁੰਦੇ ਹਨ।

**(ੳ) ਨਾਈ**

ਨਾਈ ਵੀ ਪੰਜਾਬੀ ਸਮਾਜ ਵਿਚਲੀ ਇੱਕ ਪੇਸ਼ਾਵਰ ਜਾਤ ਹੈ। ਜਿਸ ਨੂੰ ਸਮਾਜਿਕ ਦਰਜੇ ਵਿੱਚ ਨੀਵੀਆਂ ਜਾਤੀਆਂ ਵਿੱਚ ਗਿਣਿਆ ਜਾਂਦਾ ਰਿਹਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, "ਨਹੁੰ ਲਾਹੁਣ ਅਤੇ ਭਾਂਡੇ ਮਾਂਜਣ ਆਦਿ ਦੀ ਸੇਵਾ ਕਰਨ ਵਾਲਾ ਨਾਈ ਹੈ।"[7] ਨਾਈ ਪੰਜਾਬ ਵਿੱਚ ਹਜਾਮਤ ਦਾ ਕੰਮ ਕਰਨ ਤੋਂ ਇਲਾਵਾ ਪਿੰਡਾਂ ਵਿੱਚ ਵਿਆਹ ਦੀਆਂ ਗੰਢਾਂ (ਸੱਦਾ ਪੱਤਰ) ਲੈ ਜਾਣ, ਵਿਆਹ ਵਿੱਚ ਮਹਿਮਾਨਾਂ ਦੀ ਸੇਵਾ ਕਰਨ, ਕੁੜੀਆਂ ਮੁੰਡਿਆਂ ਦੇ ਰਿਸ਼ਤੇ ਕਰਾਉਣ, ਵਿਆਹ ਵਿੱਚ ਹਲਵਾਈ ਦਾ ਕੰਮ ਕਰਨ ਤੇ ਘਰਾਂ ਦੇ ਹੋਰ ਛੋਟੇ ਮੋਟੇ ਕੰਮ ਆਦਿ ਕਰਦੇ ਸਨ। ਨਾਈ ਦੀ ਪਤਨੀ ਨੂੰ ਨੈਣ ਜਾਂ ਨਾਇਣ ਕਿਹਾ ਜਾਂਦਾ ਹੈ। ਇਹ ਵਿਆਹ ਵਾਲੀ ਕੁੜੀ ਦੇ ਸਹੁਰੇ ਉਸ

ਦੇ ਨਾਲ ਜਾਂਦੀ ਸੀ ਅਤੇ ਕਿਸੇ ਦੀ ਮੌਤ ਸਮੇਂ ਪਿੱਟ-ਸਿਆਪਾ ਕਰਨ ਦਾ ਕੰਮ ਵੀ ਕਰਦੀ ਸੀ। ਇਨਾਂ ਕੰਮਾਂ ਦੇ ਬਦਲੇ ਨਾਈ ਤੇ ਨੈਣ ਨੂੰ ਢੁੱਕਵੇਂ ਉਪਹਾਰ ਤੇ ਮਿਹਨਤਾਨਾ ਦਿੱਤਾ ਜਾਂਦਾ ਸੀ, ਲੋਕ ਕਾਵਿ ਰੂਪ ਦੋਹੇ ਵੀ ਨਾਈ ਜਾਤ ਦੀ ਸਮਾਜਿਕ ਸਥਿਤੀ ਵੱਲ ਸੰਕੇਤ ਕਰਦਾ ਹੈ। ਜਿਵੇਂ:

ਜਿੱਥੇ ਵੀਰਾਂ ਤੂੰ ਜਰਮਿਆ ਵੀਰਾ
ਤੇਰੀ ਮਾਂ ਨੇ ਚੱਬੀ ਜਮੈਣ,
ਬਹੂ ਲਿਆਇਆ ਵਿਆਹ ਕੇ
ਵੇ ਕੋਈ ਨਫੇ 'ਚ ਲਿਆਇਆ
ਵੇ ਵੀਰਨ ਮੇਰਿਆ ... ਨੈਣ।

ਉਪਰੋਕਤ ਦੋਹਾ ਨਾਈ/ਨੈਣ ਜਾਤ ਦੀ ਸਮਾਜਿਕ ਤੁੱਛਤਾ ਦਾ ਪ੍ਰਗਟਾਵਾ ਕਰਦਾ ਹੈ ਕਿ ਨੈਣ ਨੂੰ ਤਾਂ ਮੁਫ਼ਤ ਵਿੱਚ ਹੀ ਬਿਨਾਂ ਕੋਈ ਧਨ ਖਰਚਿਆਂ ਘਰ ਲਿਆਂਦਾ ਜਾ ਸਕਦਾ ਹੈ। ਭਾਵ ਰੂੰਗੇ ਵਿੱਚ ਹੀ ਮਿਲ ਗਈ ਹੈ।।

**(ਅ) ਬੌਰੀਆਂ ਜਾਤ**

ਬੌਰੀਆ ਜਾਤ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਪ੍ਰੋ. ਕਿਰਪਾਲ ਕਜ਼ਾਕ ਬੌਰੀਆਂ ਸ਼ਬਦ ਦਾ ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼ ਵਿੱਚ ਅਰਥ ਦੱਸਦੇ ਹਨ। 'ਜਾਲ ਵਿੱਚ ਫਸਾ ਕੇ ਜਾਨਵਰ ਦਾ ਸ਼ਿਕਾਰ ਕਰਨ ਵਾਲੀ ਜਾਤੀ ਦਾ ਬੰਦਾ।'[8] ਡਾ. ਕਰਨੈਲ ਸਿੰਘ ਥਿੰਦ ਨੇ ਬੌਰੀਏ ਕਬੀਲੇ ਦੇ ਨੌ ਪ੍ਰਕਾਰ ਦੱਸੇ ਹਨ, ਇਨਾਂ ਨੂੰ 'ਬਾਵਰੀਏ' ਵੀ ਕਿਹਾ ਜਾਂਦਾ ਹੈ, ਇਨਾਂ ਦਾ ਵੱਡਾ ਕੰਮ ਰੱਸੀਆਂ ਵੱਟਣੀਆਂ, ਭੇਡਾਂ ਬੱਕਰੀਆਂ ਦੇ ਇੱਜੜ ਪਾਲਣੇ ਅਤੇ ਜੰਗਲੀ ਜਾਨਵਰਾਂ ਦੀ ਚਰਬੀ ਵਿੱਚੋਂ ਤੇਲ ਕੱਢ ਕੇ ਵੇਚਣਾ ਹੈ। ਇਹ ਵਿਸ਼ੇਸ਼ ਸੰਦਾਂ ਦੀ ਸਹਾਇਤਾ ਨਾਲ ਰੱਸੀਆਂ ਵੱਟਦੇ ਹਨ। ਜੰਗਲੀ ਜਾਨਵਰਾਂ ਦੀਆਂ ਖੱਲਾ ਵੀ ਸੁੱਕਾ ਕੇ ਵੇਚ ਲੈਂਦੇ ਹਨ।"[9] ਦੇਖਿਆ ਜਾਵੇ ਤਾਂ ਇਸ ਪੇਸ਼ੇ ਨਾਲ ਸੰਬੰਧ ਰੱਖਣ ਵਾਲੀ ਜਾਤੀ ਦਾ ਪੰਜਾਬੀ ਸੱਭਿਆਚਾਰ ਵਿੱਚ ਕੋਈ ਬਹੁਤ ਸਤਿਕਾਰ ਨਹੀਂ ਕੀਤਾ ਜਾਂਦਾ। ਪੰਜਾਬੀ ਲੋਕ ਗੀਤਾਂ ਵਿੱਚ ਭੇਡਾਂ, ਬੱਕਰੀਆਂ ਦੇ ਇੱਜੜ ਪਾਲਣ ਵਾਲੇ ਪਾਤਰ ਹਮੇਸ਼ਾ ਹੀ ਹਾਸ ਵਿਅੰਗ ਲਈ ਵਰਤੇ ਜਾਂਦੇ ਰਹੇ ਹਨ। ਜਿਵੇਂ:

ਕਦੇ ਨਾ ਵਾਹੀਆ ਬੋਦੀਆ ਜੀਜਾ
ਤੈਂ ਕਦੇ ਨਾ ਲਾਇਆ ਤੇਲ
ਤੇਰੇ ਵਰਗੇ ਬੌਰੀਏ
ਸਾਡੀ ਵੀਹੀਂਏ ਵੇਚਦੇ ਵੇ
ਬੇਸ਼ਰਮਾਂ ਕੰਨ ਕਰੀ ... ਤੇਲ।

ਜਾਂ

ਕਾਣਿਆਂ ਵੇ ਕੱਜ ਮਾਰਿਆ ਕਾਣਿਆਂ
ਕਿੱਥੋਂ ਭੰਨਾਈ ਵੇ ਅੱਖ
ਭੇਡਾਂ ਬਾੜੇ ਜਰਮਿਆਂ
ਤੇਰੀ ਮਾਂ ਨੇ ਨਾ ਰੱਖੀ
ਵੇ ਦਾਦੇ ਮਗਾਉਣਿਆਂ ... ਰੱਖ।

ਇਸ ਦੋਹੇ ਵਿੱਚ ਜੀਜੇ 'ਤੇ ਵਿਅੰਗ ਕਸਣ ਲਈ ਬੌਰੀਆ ਜਾਤ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜੀਜੇ ਨੂੰ ਨੀਵਾ ਦਿਖਾਉਣ ਲਈ ਅਤੇ ਜਿੱਚ ਕਰਨ ਲਈ ਉਸ ਨੂੰ ਬੌਰੀਆ ਕਹਿ ਕੇ ਸੰਬੋਧਨ ਹੋਣਾ ਸਮਾਜ ਵਿੱਚ ਬੌਰੀਆ ਜਾਤ ਦੀ ਸਮਾਜਿਕ ਸਥਿਤੀ ਵੀ ਨਜ਼ਰੀ ਆਉਂਦੀ ਹੈ।

**ਖੱਤਰੀ ਜਾਤ**

ਇਸੇ ਤਰ੍ਹਾਂ ਕੁਝ ਅਜਿਹੇ ਦੋਹੇ ਵੀ ਪ੍ਰਾਪਤ ਹੁੰਦੇ ਹਨ ਜੋ ਖੱਤਰੀ ਜਾਤ ਨਾਲ ਸੰਬੰਧਤ ਹਨ ਜਿੰਨਾ ਵਿੱਚ ਉਨ੍ਹਾਂ ਦੀ ਭਾਸ਼ਾ ਅਤੇ ਸਮਾਜਿਕ ਪਛਾਣ ਨੂੰ ਅਕਸਰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਰਿਹਾ ਹੈ ਜਿਵੇਂ:

ਸ਼ਲਗਮ ਸ਼ਲਗਮ ਕਰ ਰਹੀ ਖਤਰਾਣੀ
ਸ਼ਲਗਮ ਸਾਡੇ ਖੇਤ
ਕਿਥੋਂ ਦੀ ਤੂੰ ਕੰਜਰੀ
ਜਿਹੜੀ ਬੈਠੀ ਸਾਡੇ
ਨੀ ਸੁਣ ਵਾਹਲੀਏ ਚਤਰੇ ... ਖੇਤ

ਉਪਰੋਕਤ ਦੋਹੇ ਵਿੱਚ ਖੱਤਰੀ ਜਾਤ ਨੂੰ ਸਿਧੇ ਰੂਪ ਵਿਅੰਗ ਦਾ ਪਾਤਰ ਬਣਾਇਆ ਗਿਆ ਹੈ। ਖੱਤਰੀ ਜਾਤ ਬੇਸ਼ੱਕ ਉੱਚ ਸ਼੍ਰੇqਣੀਆਂ ਵਿੱਚ ਗਿਣੀ ਜਾਂਦੀ ਹੈ ਪਰ ਇਥੇ ਉਸ ਉੱਤੇ ਵਿਅੰਗ ਜਾਤ ਦੇ ਪੱਧਰ 'ਤੇ ਨਹੀਂ ਸਗੋਂ ਭਾਸ਼ਾ ਦੇ ਪੱਧਰ ਉੱਤੇ ਕੀਤਾ ਜਾਰਿਹਾ ਹੈ।

ਸੋ ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਪੰਜਾਬੀ ਸਭਿਆਚਾਰ ਦੇ ਰਿਸ਼ਤਾ ਨਾਤਾ ਪ੍ਰਬੰਧ ਵਿਚਲੇ ਵੱਖ-ਵੱਖ ਰਿਸ਼ਤੇ ਅਤੇ ਸਮੂਹ ਵੱਖ-ਵੱਖ ਪ੍ਰਸੰਗਾਂ ਵਿੱਚ ਹਾਸ਼ੀਆਗਤ ਦਾਇਰੇ 'ਤੇ ਧੱਕੇ ਜਾਂਦੇ ਰਹੇ ਹਨ ਜਿੰਨ੍ਹਾਂ ਦਾ ਪ੍ਰਗਟਾਵਾ ਪੰਜਾਬੀ ਲੋਕ ਕਾਵਿ-ਰੂਪ ਦੋਹੇ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵਿਭਿੰਨ ਸੰਦਰਭਾਂ ਵਿੱਚ ਪੇਸ਼ ਹੋਇਆ ਮਿਲਦਾ ਹੈ। ਇਸ ਅਧਿਐਨ ਤੋਂ ਇਕਸਿੱਟਾ ਇਹ ਵੀ ਨਿਕਲਦਾ ਹੈ ਕਿ ਔਰਤ ਨੂੰ ਹਾਸ਼ੀਆਗਤ ਕਰਨ ਵਿੱਚ ਔਰਤ ਇਕ ਸੰਦ ਵਜੋਂ ਪੇਸ਼ ਹੋਈ ਹੈ। ਇਕ ਨੁਕਤਾ ਇਹ ਵੀ ਸਾਹਮਣੇ ਆਉਂਦਾ ਹੈ ਕਿ ਹਾਸ਼ੀਆਗਤ ਧਿਰਾਂ ਵੀ ਦੂਜੀਆਂ ਹਾਸ਼ੀਆਗਤ

ਧਿਰਾਂ ਲਈ ਧਿqqਕਾਰਮੂਲਕ ਮੁਹਾਵਰਾ ਵਰਤਦੀਆਂ ਹਨ। ਸੋ ਲੋਕ ਕਾਵਿ-ਰੂਪ ਦੋਹਾ ਪੰਜਾਬੀ ਸਮਾਜ ਦੇ ਰਿਸ਼ਤਾ ਨਾਤਾ ਪ੍ਰਬੰਧ ਅੰਦਰ ਮੌਜੂਦ ਅਸਾਵੇਪਣ ਤੇਹਾਸ਼ੀਆਗਤ ਅਹਿਸਾਸ ਨੂੰ ਪੇਸ਼ ਕਰਨ ਲਈ ਇਕ ਕਾਵਿਕ ਪੈਂਤੜੇ ਵਜੋਂ ਉਭਰਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1 www.vocabulary.com.

2 http//punjabisahitchintan.blogspot.com.

3 ਡਾ. ਨਾਹਰ ਸਿੰਘ , ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ , ਲੋਕ ਗੀਤ ਪ੍ਰਕਾਸ਼ਨ , ਚੰਡੀਗੜ੍ਹ, 2006, ਪੰਨਾ-182.

4 ਅੰਮ੍ਰਿਤਾ ਪ੍ਰੀਤਮ, ਪੰਜਾਬ ਦੀ ਅਵਾਜ਼, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 1952, ਪੰਨਾ-7.

5 ਡਾ. ਸਨੋਬਰ, ਨਾਰੀ ਚੇਤਨਾ ਦੀ ਕਵਿਤਾ, ਸ੍ਰੀ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-34.

6 ਡਾ. ਨਾਹਰ ਸਿੰਘ, ਖ਼ੂਨੀ ਨੈਣ ਜਲ ਭਰੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ-24.

7 ਭਾਈ ਕਾਹਨ ਸਿੰਘ ਨਾਭਾ , ਗੁਰਸ਼ਬਦ ਰਤਨਾਕਰ ਮਹਾਨ ਕੋਸ਼ , ਭਾਸ਼ਾ ਵਿਭਾਗ ਪੰਜਾਬ , ਪਟਿਆਲਾ, 1974, ਪੰਨਾ-515.

8 ਪ੍ਰੋ. ਕਿਰਪਾਲ ਕ ਜ਼ਾਕ, ਪੰਜਾਬੀ ਸਭਿਆਚਾਰ ਸ਼ਬਦਾਵ ਲੀ ਕੋਸ਼ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2011, ਪੰਨਾ-181.

9 ਡਾ. ਕਰਨੈਲ ਸਿੰਘ ਥਿੰਦ , ਪੰਜਾਬ ਦਾ ਲੋਕ ਵਿਰਸਾ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 1996, ਪੰਨਾ-27.